**ਦਫਤਰ ਸੀਨੀਅਰ ਕਪਤਾਨ ਪੁਲਿਸ ਫਿਰੋਜ਼ਪੁਰ**

# ਪ੍ਰੈਸ ਨੋਟ

**ਮਿਤੀ: 15 ਅਪ੍ਰੈਲ 2024**

**ਫਿਰੋਜ਼ਪੁਰ ਪੁਲਿਸ ਵੱਲੋਂ ਨਸ਼ਾ ਤਸਕਰਾਂ ਖਿਲਾਫ ਸਖਤ ਕਾਰਵਾਈ ਕਰਦੇ ਹੋਏ 01 ਵਿਅਕਤੀ ਨੂੰ ਕਾਬੂ ਕਰਕੇ ਉਸ ਪਾਸੋ 07 ਕਿੱਲੋਗ੍ਰਾਮ ਹੈਰੋਇਨ, 36 ਲੱਖ ਡਰੱਗ ਮਨੀ, 01 ਪਿਸਟਲ .32 ਬੋਰ ਸਮੇਤ 01 ਮੈਗਜੀਨ, 05 ਜਿੰਦਾ ਰੋਂਦ, 01 ਰਾਇਫਲ .315 ਬੋਰ ਸਮੇਤ ਮੈਗਜੀਨ, 05 ਜਿੰਦਾ ਰੋਂਦ, 02 ਪਿਸਟਲ .30 ਬੋਰ ਸਮੇਤ 05/05 ਜਿੰਦਾ ਰੋਂਦ, 01 ਆਈ ਫੋਨ ਅਤੇ 01 ਕਾਰ ਇਲੈਂਟਰਾ ਬਰਾਮਦ ਕੀਤਾ।**

**ਮੁਕੱਦਮਾ ਨੰਬਰ 57 ਮਿਤੀ 14.04.2024 ਅ/ਧ 21/23/29 ਐੱਨ.ਡੀ.ਪੀ.ਐੱਸ. ਐਕਟ ਥਾਣਾ ਸਦਰ ਫਿਰੋਜ਼ਪੁਰ (ਵਾਧਾ ਜ਼ੁਰਮ 25 ਅਸਲਾ ਐਕਟ)**

- **ਦੋਸ਼ੀ ਵਿਅਕਤੀ ਦਾ ਨਾਮ ਅਤੇ ਪੂਰਾ ਪਤਾ:-**
  1) ਮਨਜੀਤ ਸਿੰਘ ਉਰਫ ਮਨੀ **(ਉਮਰ ਕਰੀਬ 27/28 ਸਾਲ)** ਪੁੱਤਰ ਬਲਵੰਤ ਸਿੰਘ ਵਾਸੀ ਪਿੰਡ ਕਮਾਲੇ ਵਾਲਾ ਥਾਣਾ ਸਦਰ ਫਿਰੋਜਪੁਰ ਜਿਲ੍ਹਾ ਫਿਰੋਜ਼ਪੁਰ **(ਗ੍ਰਿਫਤਾਰ ਮਿਤੀ 14-04-2024)**

- **ਬਰਾਮਦਗੀ ਦਾ ਵੇਰਵਾ:-**

  07 ਕਿੱਲੋਗ੍ਰਾਮ ਹੈਰੋਇਨ, 36 ਲੱਖ ਡਰੱਗ ਮਨੀ, 01 ਪਿਸਟਲ .32 ਬੋਰ ਸਮੇਤ 01 ਮੈਗਜੀਨ, 05 ਜਿੰਦਾ ਰੋਂਦ, 01 ਰਾਇਫਲ 315 ਬੋਰ ਸਮੇਤ ਮੈਗਜੀਨ 05 ਜਿੰਦਾ ਰੋਂਦ, 02 ਪਿਸਟਲ 30 ਬੋਰ ਸਮੇਤ 05/05 ਜਿੰਦਾ ਰੋਂਦ, 01 ਆਈ ਫੋਨ ਅਤੇ 01 ਕਾਰ ਇਲੈਕਟਰਾ (ਬਿਨਾਂ ਨੰਬਰੀ)।

- **ਮਨਜੀਤ ਸਿੰਘ ਉਰਫ ਮਨੀ ਉਕਤ ਦਾ ਪਿਛੋਕੜ ਕ੍ਰਿਮੀਨਲ ਰਿਕਾਰਡ :-**
  1) ਮੁਕੱਦਮਾ ਨੰ: 256 ਮਿਤੀ 08.11.2019 ਅ/ਧ 302,120 ਬੀ, 34 ਆਈ.ਪੀ.ਸੀ, 25 ਅਸਲਾ ਐਕਟ ਥਾਣਾ ਸਿਟੀ ਖਰੜ ਜਿਲ੍ਹਾ ਐਸ.ਏ.ਐਸ ਨਗਰ ਮੋਹਾਲੀ
  2) ਮੁਕੱਦਮਾ ਨੰ: 270 ਮਿਤੀ 09.19.2022 ਅ/ਧ 52-ਏ ਪਰੀਜ਼ਨ ਐਕਟ, ਥਾਣਾ ਤਿਰਪੁਰੀ ਜਿਲ੍ਹਾ ਪਟਿਆਲਾ

## <u>ਸੰਖੇਪ ਹਲਾਤ</u>

ਸ਼੍ਰੀਮਤੀ ਸੋਮਿਆ ਮਿਸ਼ਰਾ, ਆਈ.ਪੀ.ਐਸ, ਐਸ.ਐਸ.ਪੀ. ਫਿਰੋਜਪੁਰ ਵੱਲੋਂ ਪ੍ਰੈਸ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਨਸ਼ਾ ਤਸਕਰਾਂ, ਸਮਾਜ ਵਿਰੋਧੀ ਅਨਸਰਾਂ ਅਤੇ ਸ਼ਰਾਰਤੀ ਅਨਸਰਾਂ ਦੀਆਂ ਵਾਰਦਾਤਾਂ ਨੂੰ ਪੂਰੀ ਤਰ੍ਹਾਂ ਠੱਲ ਪਾਉਣ ਲਈ ਹਰ ਸੰਭਵ ਕੋਸ਼ਿਸ ਕੀਤੀ ਜਾ ਰਹੀ ਹੈ।ਇਸ ਲੜੀ ਵਿੱਚ ਜਿਲ੍ਹਾ ਪੁਲਿਸ ਦੁਆਰਾ ਜਿਲ੍ਹਾ ਦੇ ਸਮੂਹ ਗਜਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ ਸਪੈਸ਼ਲ ਟੀਮਾਂ ਬਣਾਈਆਂ ਗਈਆਂ ਹਨ, ਜੋ ਮੁਸ਼ਤੈਦੀ ਨਾਲ ਪੂਰੇ ਏਰੀਆ ਅੰਦਰ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰ ਰਹੀਆਂ ਹਨ।

ਇਸ ਮੁਹਿੰਮ ਤਹਿਤ ਸ਼੍ਰੀ ਰਣਧੀਰ ਕੁਮਾਰ, ਆਈ.ਪੀ.ਐੱਸ, ਕਪਤਾਨ ਪੁਲਿਸ (ਇੰਨ:) ਫਿਰੋਜਪੁਰ ਅਤੇ ਸ਼੍ਰੀ ਬਲਕਾਰ ਸਿੰਘ ਪੀ.ਪੀ.ਐੱਸ., ਡੀ.ਐੱਸ.ਪੀ.(ਡੀ) ਫਿਰੋਜ਼ਪੁਰ ਦੀ ਨਿਗਰਾਨੀ ਹੇਠ ਇੰਸਪੈਕਟਰ ਪ੍ਰਭਜੀਤ ਸਿੰਘ ਇੰਚਾਰਜ ਸੀ.ਆਈ.ਏ.ਸਟਾਫ ਫਿਰੋਜ਼ਪੁਰ ਸਮੇਤ ਪੁਲਿਸ ਪਾਰਟੀ ਗਸ਼ਤ ਵਾਂ ਚੈਕਿੰਗ ਸ਼ੱਕੀ ਪੁਰਸ਼ਾ ਦੇ ਸਬੰਧ ਵਿੱਚ ਸਦਰ ਏਰੀਆ ਵਿੱਚ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਮਨਜੀਤ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ ਪਿੰਡ ਕਮਾਲੇ ਵਾਲਾ ਥਾਣਾ ਸਦਰ ਫਿਰੋਜ਼ਪੁਰ, ਭੁਵਨੇਸ਼ ਚੋਪੜਾ ਪੁੱਤਰ ਹੀਰਾ ਲਾਲ ਵਾਸੀ ਦਿੱਲੀ ਗੇਟ ਹਾਲ ਕੈਨੇਡਾ ਅਤੇ ਰੋਹਿਤ ਸੇਠੀ ਪੁੱਤਰ ਰਮਨ ਸੇਠੀ ਵਾਸੀ ਮਹੱਲਾ ਧਰਮਪੁਰਾ ਸਿਟੀ ਫਿਰੋਜ਼ਪੁਰ ਆਪਸ ਰਲ ਕੇ ਪਕਿਸਤਾਨ ਸਮੱਗਲਰਾਂ ਨਾਲ ਮਿਲ ਕੇ ਵੱਡੇ ਪੱਧਰ ਤੇ ਹੈਰੋਇਨ ਦੀ ਸਪਲਾਈ ਕਰਦੇ ਹਨ। ਪੁਲਿਸ ਪਾਰਟੀ ਦੁਆਰਾ ਮਨਜੀਤ ਸਿੰਘ ਉਰਫ ਮਨੀ ਨੂੰ ਕਾਰ ਇਲੈਂਟਰਾ ਰੰਗ ਚਿੱਟਾ ਬਿਨਾਂ ਨੰਬਰੀ ਸਮੇਤ ਕਾਬੂ ਕਰਕੇ ਕਾਰ ਦੀ ਅਤੇ ਮਨਜੀਤ ਸਿੰਘ ਉਰਫ ਮਨੀ ਦੀ ਤਲਾਸ਼ੀ ਕਰਨ ਤੇ 07 ਕਿੱਲੋਗ੍ਰਾਮ ਹੈਰੋਇਨ, 36 ਲੱਖ ਡਰੱਗ ਮਨੀ, 01 ਪਿਸਟਲ .32 ਬੋਰ ਸਮੇਤ 01 ਮੈਗਜੀਨ, 05 ਜਿੰਦਾ ਰੋਂਦ, 01 ਆਈ ਫੋਨ ਅਤੇ 01 ਕਾਰ ਇਲੈਂਟਰਾ (ਬਿਨਾਂ ਨੰਬਰੀ) ਬਰਾਮਦ ਕੀਤੀ। ਜਿਸ ਤੇ ਮਨਜੀਤ ਸਿੰਘ, ਭੁਵਨੇਸ਼ ਚੋਪੜਾ ਉਰਫ ਅਸ਼ੀਸ਼, ਰੋਹਿਤ ਸੇਠੀ ਦੇ ਖਿਲਾਫ ਮੁਕੱਦਮਾ ਨੰ: 57 ਮਿਤੀ 14.04.2024 ਅ/ਧ 21/23/29 ਐਨ.ਡੀ.ਪੀ.ਐਸ ਐਕਟ ਤਹਿਤ ਥਾਣਾ ਸਦਰ ਫਿਰੋਜ਼ਪੁਰ ਵਿੱਚ ਦਰਜ ਰਜਿਸਟਰ ਕੀਤਾ ਗਿਆ। ਦੌਰਾਨੇ ਪੁੱਛਗਿੱਛ ਦੋਸ਼ੀ ਮਨਜੀਤ ਸਿੰਘ ਉਰਫ ਮਨੀ ਦੀ ਨਿਸ਼ਾਨਦੇਹੀ ਤੇ ਦੂਸਰੇ ਦੋਸ਼ੀ ਦੇ ਘਰੋ 02 ਪਿਸਟਲ .30 ਬੋਰ ਸਮੇਤ 05/05 ਜਿੰਦਾ ਰੋਂਦ, 01 ਰਾਇਫਲ .315 ਬੋਰ ਸਮੇਤ ਮੈਗਜੀਨ, 05 ਜਿੰਦਾ ਰੋਂਦ ਬਰਾਮਦ ਕੀਤੇ। ਦੋਸ਼ੀ ਨੂੰ ਪੇਸ਼ ਅਦਾਲਤ ਕਰਕੇ ਪੁਲਿਸ ਰਿਮਾਂਡ ਹਾਸਿਲ ਕੀਤਾ ਜਾਵੇਗਾ। ਪੁੱਛਗਿੱਛ ਦੌਰਾਨ ਹੋਰ ਖੁਲਾਸੇ ਹੋਣ ਦੀ ਸੰਭਾਵਨਾ ਹੈ ਅਤੇ ਬਾਕੀ ਦੋਸ਼ੀਆ ਦੀ ਭਾਲ ਜਾਰੀ ਹੈ।